ਲੋਕ ਸੰਪਰਕ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ
www.chandigarh.gov.in
ਪ੍ਰੈਸ ਨੋਟ

ਚੰਡੀਗੜ੍ਹ, ਫਰਵਰੀ 8:- ਕੇਂਦਰ ਸਰਕਾਰ ਨੇ ਵਿਸ਼ਵ ਵਿਦਿਆਲਿਆ/ਰਾਜ ਬੋਰਡਾਂ ਨੂੰ ਸਿੱਖਿਆ ਪ੍ਰਮਾਣ ਪੱਤਰ/ਜਨਮ ਮਿਤੀ ਪ੍ਰਮਾਣ ਪੱਤਰ ਦੀ ਪੜਤਾਲ ਲਈ ਕੇਂਦਰੀ ਸਰਕਾਰੀ ਵਿਭਾਗਾਂ ਤੋਂ ਸ਼ੁਲਕ ਨਾ ਲੈਣ ਦਾ ਨਿਰਦੇਸ਼ ਦਿੱਤਾ ਹੈ। ਮੁੱਕਦਮੇਬਾਜ਼ੀ ਤੋਂ ਬਚਣ ਅਤੇ ਸਕਰਿਪਟਰੀ ਕੰਮ ਨੂੰ ਘੱਟ ਕਰਨ ਦੇ ਲਈ ਸੰਬੰਧਿਤ ਵਿਸ਼ਵ ਵਿਦਿਆਲਿਆ/ਸਿੱਖਿਆ ਬੋਰਡ/ ਜਿਲ੍ਹਾ ਸਿੱਖਿਆ ਅਧਿਕਾਰੀ ਦੁਆਰਾ ਹੀ ਨਵੇਂ ਵਿਅਕਤੀ ਦਾ ਸਿੱਖਿਆ ਪ੍ਰਮਾਣ ਪੱਤਰ/ ਜਨਮ ਮਿਤੀ ਪ੍ਰਮਾਣ ਪੱਤਰ ਵੈਰੀਫਾਈਡ ਕੀਤਾ ਜਾਵੇਗਾ। ਕੁਝ ਸਿੱਖਿਆ ਬੋਰਡਾਂ/ਸੰਸਥਾਨਾਂ ਦੁਆਰਾ ਪੜਤਾਲ ਦੇ ਲਈ ਸਰਕਾਰੀ ਵਿਭਾਗਾਂ ਤੋਂ ਫੀਸ ਮੰਗਣ ਦੇ ਕਾਰਨ ਇਹ ਕਦਮ ਉਠਾਇਆ ਗਿਆ ਹੈ।

ਨਿਯੁਕਤੀ ਦੇ ਲਈ ਉਮੀਦਵਾਰ ਦੀ ਪਛਾਣ ਨਿਸ਼ਚਿਤ ਕਰਨ ਲਈ ਵਿਭਾਗ ਦੁਆਰਾ ਕਾਗਜਾਤਾਂ ਦੀ ਸ਼ੁੱਧਤਾ ਦੀ ਪੁਸ਼ਟੀ ਕੀਤੀ ਜਾਂਦੀ ਹੈ। ਕੇਂਦਰੀ ਗ੍ਰਹਿ ਮੰਤਰਾਲੇ ਦੁਆਰਾ ਉਠਾਏ ਗਏ ਇਸ ਕਦਮ ਨਾਲ ਨਾ ਕੇਵਲ ਸਹੀ ਉਮੀਦਵਾਰ ਦੀ ਨਿਯੁਕਤੀ ਹੋ ਸਕੇਗੀ ਬਲਕਿ ਵਿਸ਼ਵ ਵਿਦਿਆਲਿਆ/ਬੋਰਡਾਂ ਦੀ ਵਿਸ਼ਵਸਨੀਅਤਾ ਵੀ ਕਾਇਮ ਹੋਵੇਗੀ।